# ਬੱਚਾ ਗੋਦ ਲੈਣ (ਅਡੌਪਸ਼ਨ) ਦੇ ਕੇਸਾਂ ਵਿਚ ਕੈਫ਼ਕਾਸ ਦੇ ਕਰਮਚਾਰੀ ਦਾ ਕੰਮ

ਗੋਦ ਲੈਣ ਦੇ ਕੇਸਾਂ ਵਿਚ ਬੱਚਿਆਂ ਦੇ ਹਿਤਾਂ ਦਾ ਖ਼ਿਆਲ ਰੱਖਣਾ

**The Children and Family Reporter**

Helping families make arrangements for their children

(Punjabi)

## ਕੈਫ਼ਕਾਸ (CAFCASS) ਕੀ ਹੈ?

ਚਿਲਡਰਨ ਐਂਡ ਫ਼ੈਮਿਲੀ ਕੋਰਟ ਐਡਵਾਈਜ਼ਰੀ ਐਂਡ ਸੁਪੋਰਟ ਸਰਵਿਸ - ਯਾਨੀ ਕੈਫ਼ਕਾਸ - ਦਾ ਕੰਮ ਫ਼ੈਮਿਲੀ ਕੋਰਟ ਦੀਆਂ ਕਾਰਵਾਈਆਂ ਵਿਚ ਸ਼ਾਮਿਲ ਬੱਚਿਆਂ ਦੇ ਹਿਤਾਂ ਦੀ ਹਿਫ਼ਾਜ਼ਤ ਕਰਨਾ[1] ਅਤੇ ਇਹਨਾਂ ਨੂੰ ਬੜ੍ਹਾਵਾ ਦੇਣਾ ਹੈ। ਕੈਫ਼ਕਾਸ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਮਿਲ ਕੇ ਕੰਮ ਕਰਦੀ ਹੈ ਅਤੇ ਯਕੀਨੀ ਬਣਾਉਂਦੀ ਹੈ ਕਿ ਬੱਚਿਆਂ ਦੇ ਵਿਚਾਰ ਵੀ ਸੁਣੇ ਜਾਣ ਅਤੇ ਉਹਨਾਂ ਦੀਆਂ ਲੋੜਾਂ ਪੂਰੀਆਂ ਹੋਣ।

ਅਸੀਂ ਅਦਾਲਤਾਂ ਨੂੰ ਸਲਾਹ ਦਿੰਦੇ ਹਾਂ ਤਾਕਿ ਉਹਨਾਂ ਦੇ ਫ਼ੈਸਲਿਆਂ ਵਿਚ ਬੱਚਿਆਂ ਦੇ ਹਿਤਾਂ ਦਾ ਵੱਧ ਤੋਂ ਵੱਧ ਖ਼ਿਆਲ ਰੱਖਿਆ ਜਾਏ। ਅਸੀਂ ਅਦਾਲਤਾਂ, ਸੋਸ਼ਲ ਸਰਵਿਸਿਜ਼[2], ਐਜੂਕੇਸ਼ਨ ਅਤੇ ਹੈਲਥ ਅਥਾਰਿਟੀਆਂ ਅਤੇ ਇਹੋ ਜਿਹੀਆਂ ਹੋਰ ਏਜੰਸੀਆਂ ਤੋਂ ਸੁਤੰਤਰ ਹਾਂ। ਅਸੀਂ ਫ਼ੈਮਿਲੀ ਕੋਰਟਾਂ ਵਿਚ ਕੰਮ ਕਰਦੇ ਹਾਂ, ਕ੍ਰਿਮੀਨਲ ਕੋਰਟਾਂ ਵਿਚ ਨਹੀਂ।

---

[1] ਚਿਲਡਰਨਜ਼ ਐਕਟ 2004 ਦੇ ਤਹਿਤ ਬੱਚਿਆਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਅਦਾਰਿਆਂ ਦਾ ਇਹ ਕਾਨੂੰਨੀ ਫ਼ਰਜ਼ ਮਿੱਥਿਆ ਗਿਆ ਹੈ ਕਿ ਉਹ ਬੱਚਿਆਂ ਦੀ ਭਲਾਈ ਦੀ ਹਿਫ਼ਾਜ਼ਤ ਕਰਨ ਅਤੇ ਉਹਨੂੰ ਬੜ੍ਹਾਵਾ ਦੇਣ, ਖ਼ਾਸ ਤੌਰ 'ਤੇ ਉਹਨਾਂ ਦੇ ਸਿਹਤਮੰਦ ਅਤੇ ਸੁਰੱਖਿਅਤ ਰਹਿਣ, ਖ਼ੁਸ਼ ਰਹਿਣ ਅਤੇ ਜ਼ਿੰਦਗੀ ਵਿਚ ਅੱਗੇ ਵਧਣ ਵਲ ਧਿਆਨ ਦੇਣ, ਅਤੇ ਉਹਨਾਂ ਦੀ ਆਰਥਿਕ ਭਲਾਈ ਵਿਚ ਸਹੀ ਯੋਗਦਾਨ ਦੇਣ।

[2] ਇਸ ਪਰਚੇ ਵਿਚ, 'ਸੋਸ਼ਲ ਸਰਵਿਸਿਜ਼' ਦਾ ਅਰਥ ਲੋਕਲ ਅਥਾਰਿਟੀਆਂ ਦਾ ਸਮਾਜਕ ਕੰਮ ਹੈ, ਖ਼ਾਸ ਤੌਰ 'ਤੇ ਬੱਚਿਆਂ ਦੀ ਸਮਾਜਕ ਦੇਖਭਾਲ।

## ਚਿਲਡਰਨ ਐਂਡ ਫ਼ੈਮਿਲੀ ਰਿਪੋਰਟਰਜ਼ (ਬੱਚਿਆਂ ਅਤੇ ਪਰਿਵਾਰਾਂ ਦੇ ਰਿਪੋਰਟਰ) ਕੀ ਹਨ ਅਤੇ ਕੀ ਕੰਮ ਕਰਦੇ ਹਨ?

ਬੱਚਿਆਂ ਅਤੇ ਪਰਿਵਾਰਾਂ ਦੇ ਰਿਪੋਰਟਰਾਂ ਨੂੰ ਬੱਚਿਆਂ ਅਤੇ ਪਰਿਵਾਰਾਂ ਨਾਲ ਕੰਮ ਕਰਨ ਦੀ ਸਿਖਲਾਈ ਅਤੇ ਤਜਬਰਾ ਮਿਲਿਆ ਹੁੰਦਾ ਹੈ। ਕਈ ਅਦਾਲਤਾਂ ਇਹਨਾਂ ਨੂੰ ਆਖਦੀਆਂ ਹਨ ਕਿ ਉਹ ਬੱਚਿਆਂ ਦੇ ਪ੍ਰਬੰਧ ਕਰਨ ਦੇ ਫ਼ੈਸਲੇ ਕਰਨ ਵਿਚ ਬੱਚਿਆਂ ਦੇ ਪਰਿਵਾਰਾਂ ਦੀ ਮਦਦ ਕਰਨ। ਜੇ ਕੋਈ ਫ਼ੈਸਲਾ ਜਾਂ ਪ੍ਰਬੰਧ ਨਾ ਹੋ ਸਕੇ, ਤਾਂ ਬੱਚਿਆਂ ਅਤੇ ਪਰਿਵਾਰਾਂ ਦੇ ਰਿਪੋਰਟਰ ਨੂੰ ਆਖਿਆ ਜਾ ਸਕਦਾ ਹੈ ਕਿ ਉਹ:

- ਪਰਿਵਾਰ ਨਾਲ ਮਿਲ ਕੇ ਬਾਕੀ ਮਸਲੇ ਸੁਲਝਾਉਣ ਦਾ ਯਤਨ ਕਰਦਾ ਰਹੇ, ਅਤੇ/ਜਾਂ
- ਪੁੱਛ ਗਿੱਛ ਕਰਕੇ ਅਤੇ ਅਦਾਲਤ ਨੂੰ ਰਿਪੋਰਟ ਲਿਖ ਕੇ ਦੇਵੇ।

## ਫ਼ਰਸਟ ਡਾਇਰੈਕਸ਼ਨਜ਼ ਹੀਅਰਿੰਗ (ਹਿਦਾਇਤਾਂ ਦੇਣ ਲਈ ਪਹਿਲੀ ਸੁਣਵਾਈ) ਵੇਲੇ ਕੀ ਹੁੰਦਾ ਹੈ?

ਹਿਦਾਇਤਾਂ ਦੇਣ ਲਈ ਪਹਿਲੀ ਸੁਣਵਾਈ ਵੇਲੇ, ਅਦਾਲਤ ਫ਼ੈਸਲੇ ਕਰੇਗੀ ਕਿ ਬੱਚਿਆਂ ਬਾਰੇ ਅਰਜ਼ੀ ਬਾਰੇ ਅਗਲੀ ਕਾਰਵਾਈ ਕਿਵੇਂ ਕੀਤੀ ਜਾਣੀ ਚਾਹੀਦੀ ਹੈ। ਕੇਸ ਦੀ ਸੁਣਵਾਈ ਦੇ ਟਾਈਮਟੇਬਲ ਬਾਰੇ ਵੀ ਫ਼ੈਸਲਾ ਕੀਤਾ ਜਾਂਦਾ ਹੈ। ਇਹ ਸੁਣਵਾਈ ਅਦਾਲਤ ਵਿਚ ਹੁੰਦੀ ਹੈ ਅਤੇ ਕੇਸ ਦੀਆਂ ਦੋਵੇਂ ਧਿਰਾਂ, ਉਹਨਾਂ ਦੇ ਵਕੀਲ ਅਤੇ ਅਦਾਲਤ ਦਾ ਅਫ਼ਸਰ ਇਸ ਵੇਲੇ ਹਾਜ਼ਿਰ ਹੁੰਦੇ ਹਨ। ਜ਼ਿਆਦਾਤਰ ਅਦਾਲਤਾਂ ਵਿਚ, ਬੱਚਿਆਂ ਅਤੇ ਪਰਿਵਾਰ ਦਾ ਰਿਪੋਰਟਰ ਵੀ ਹਿਦਾਇਤਾਂ ਦੇਣ ਲਈ ਪਹਿਲੀ ਸੁਣਵਾਈ ਵੇਲੇ ਹਾਜ਼ਿਰ ਹੁੰਦਾ ਹੈ। ਇਸ ਸੁਣਵਾਈ ਵੇਲੇ ਕੁਝ ਹੋਰ ਪੱਖਾਂ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ, ਜਿਵੇਂ:

- ਬੱਚੇ ਦੀ ਸੁਰੱਖਿਆ ਨਾਲ ਸੰਬੰਧਤ ਕੋਈ ਮੁੱਦੇ, ਅਤੇ
- ਕੇਸ ਅਦਾਲਤ ਵਿਚ ਲਿਆਏ ਬਿਨਾਂ ਦੋਹਾਂ ਧਿਰਾਂ ਵਿਚ ਕੋਈ ਸਮਝੋਤਾ ਕਰਵਾਉਣ ਦੀ ਸੰਭਾਵਨਾ

## ਉਹ ਸਮਝੌਤਾ ਕਿਵੇਂ ਕਰਵਾਉਂਦੇ ਹਨ?

ਅਦਾਲਤ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਨੂੰ ਆਖਦੀ ਹੈ ਕਿ ਉਹ ਤੁਹਾਨੂੰ ਬੱਚੇ ਦੇ ਦੂਸਰੇ ਜਨਮਦਾਤੇ ਅਤੇ ਕਾਰਵਈ ਵਿਚ ਹਿੱਸਾ ਲੈ ਰਹੀ ਹੋਰ ਧਿਰ ਨਾਲ ਮਿਲ ਕੇ ਪਤਾ ਕਰਕੇ ਕਿ ਕੀ ਮਸਲੇ ਨੂੰ ਸੁਲਝਾ ਕੇ ਕੋਈ ਸਮਝੌਤਾ ਕਰਵਾਇਆ ਜਾ ਸਕਦਾ ਹੈ। ਇਹਨੂੰ ਝਗੜਾ ਸੁਲਝਾਉਣਾ ਆਖਿਆ ਜਾਂਦਾ ਹੈ। ਸਾਂਝੀ ਮੀਟਿੰਗ ਕਰਵਾਉਣ ਦਾ ਸੁਝਾਓ ਵੀ ਦਿੱਤਾ ਜਾ ਸਕਦਾ ਹੈ ਪਰ ਤੁਹਾਨੂੰ ਸਦਾ ਇਹ ਹੱਕ ਹੁੰਦਾ ਹੈ ਕਿ ਤੁਹਾਡੇ ਇਕੱਲਿਆਂ ਨਾਲ ਗੱਲ ਕੀਤੀ ਜਾਏ। ਕਈ ਵਾਰ ਤੁਹਾਨੂੰ ਆਖਿਆ ਜਾ ਸਕਦਾ ਹੈ ਕਿ ਤੁਸੀਂ ਆਪਣੇ ਬੱਚੇ ਜਾਂ ਬੱਚਿਆਂ ਨੂੰ ਮੀਟਿੰਗ ਵਿਚ ਲਿਆਓ, ਜਾਂ ਉਹਨਾਂ ਨੂੰ ਇਕੱਲਿਆਂ ਨੂੰ ਮਿਲਣ ਦੇ ਪ੍ਰਬੰਧ ਕੀਤੇ ਜਾ ਸਕਦੇ ਹਨ। ਇਸ ਸਭ ਕੁਝ ਝਗੜੇ ਨੂੰ ਸਥਾਨਕ ਤੌਰ 'ਤੇ ਹੱਲ ਕਰਵਾਉਣ ਵਾਲੀ ਸਕੀਮ, ਅਰਜ਼ੀ ਦੀ ਕਿਸਮ ਦੇ ਬੱਚੇ ਦੀ ਉਮਰ 'ਤੇ ਨਿਰਭਰ ਹੋਏਗਾ।

ਬਹੁਤ ਸਾਰੇ ਕੇਸਾਂ ਵਿਚ, ਮੀਟਿੰਗ ਵਿਚ ਕੁਝ ਜਾਂ ਸਾਰੇ ਮਸਲਿਆਂ ਬਾਰੇ ਸਮਝੌਤਾ ਹੋ ਜਾਂਦਾ ਹੈ। ਫਿਰ ਅਦਾਲਤ ਕੁਝ ਸਮਾਂ ਇਹ ਦੇਖਣ ਲਈ ਦਿੰਦੀ ਹੈ ਕਿ ਕੀ ਇਹ ਸਮਝੌਤਾ ਕੰਮ ਕਰ ਰਿਹਾ ਹੈ। ਜੇ ਕੋਈ ਸਮਝੌਤਾ ਛੇਤੀ ਨਾ ਹੋ ਸਕੇ, ਤਾਂ ਬੱਚਿਆਂ ਦੇ ਪਰਿਵਾਰ ਦਾ ਰਿਪੋਰਟਰ ਇਹ ਸੁਝਾਓ ਦੇ ਸਕਦਾ ਹੈ ਕਿ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਅੱਗੋਂ ਹੋਰ ਮੀਟਿੰਗਾਂ ਕੀਤੀਆਂ ਜਾਣ। ਇਹ ਮੀਟਿੰਗਾਂ ਅਦਾਲਤ ਦੀ ਬਜਾਇ ਸਾਡੇ ਕਿਸੇ ਦਫ਼ਤਰ ਵਿਚ ਹੋ ਸਕਦੀਆਂ ਹਨ।

ਬੱਚਿਆਂ ਦੇ ਪਰਿਵਾਰ ਦਾ ਰਿਪੋਰਟਰ ਇਹ ਸਲਾਹ ਦੀ ਦੇ ਸਕਦਾ ਹੈ ਕਿ ਮੀਡੀਏਸ਼ਨ (ਵਿਚੋਲਗਿਰੀ) ਕਰਨ ਨਾਲ ਵੀ ਕੰਮ ਬਣ ਸਕਦਾ ਹੈ। ਮੀਡੀਏਸ਼ਨ ਜਾਂ ਵਿਚੋਲਗਿਰੀ ਦੋਹਾਂ ਧਿਰਾਂ ਦੀ ਮਰਜ਼ੀ ਨਾਲ ਕਰਵਾਈ ਜਾਂਦੀ ਹੈ, ਜਦ ਮਾਪੇ  ਝਗੜੇ ਨੂੰ ਹੱਲ ਕਰਵਾਉਣ ਲਈ ਕਿਸੇ ਸੁਤੰਤਰ ਵਿਅਕਤੀ ਨੂੰ ਮਿਲਦੇ ਹਨ। ਮੀਡੀਏਸ਼ਨ ਮੀਟਿੰਗਾਂ ਵਿਚ ਦੱਸੀਆਂ ਗੱਲਾਂ ਗੁਪਤ ਰੱਖੀਆਂ ਜਾਦੀਆਂ ਹਨ, ਜਦ ਤਕ ਮਾਂ ਅਤੇ ਬਾਪ ਦੋਵੇਂ ਇਹ ਨਾ ਮੰਨ ਲੈਣ ਕਿ ਜਾਣਕਾਰੀ ਇਕ ਦੂਸਰੇ ਨੂੰ ਦਿੱਤੀ ਜਾ ਸਕਦੀ ਹੈ ਜਾਂ ਜੇ ਮੀਡੀਏਟਰ ਇਹ ਸਮਝੇ ਕਿ ਕਿ ਬੱਚਿਆਂ ਦੀ ਹਿਫ਼ਾਜ਼ਤ ਦੀ ਖ਼ਾਤਿਰ ਹੋਰ ਪੁੱਛ ਗਿੱਛ ਕਰਨ ਦੀ ਲੋੜ ਹੈ।

ਝਗੜੇ ਨੂੰ ਸੁਲਝਾਉਣ ਲਈ ਜਾਂ ਮੀਡੀਏਸ਼ਨ ਲਈ ਕੀਤੀਆਂ ਮੀਟਿੰਗਾਂ ਦੋਹਾਂ ਵਿਚ ਤੁਹਾਨੂੰ ਆਪਣੀ ਗੱਲ ਕਹਿਣ, ਅਤੇ ਇਕ ਦੂਸਰੇ ਦੇ ਵਿਚਾਰਾਂ ਨੂੰ ਸੁਣਨ ਦੇ ਮੌਕੇ ਮਿਲਦੇ ਹਨ। ਇੱਥੇ ਤੁਹਾਨੂੰ ਇਹ ਸੋਚਣ ਵਿਚ ਮਦਦ ਮਿਲ ਸਕਦੀ ਹੈ ਕਿ ਤੁਹਾਡੇ ਬੱਚੇ ਲਈ ਸਭ ਤੋਂ ਚੰਗੀ ਗੱਲ ਕਿਹੜੀ ਹੈ, ਅਤੇ ਇਹ ਫ਼ੈਸਲਾ ਅਦਾਲਤ ਨੂੰ ਕਰਨ ਦੀ ਲੋੜ ਨਹੀਂ ਪੈ ਸਕਦੀ।

**ਜੇ ਹਾਲੇ ਵੀ ਕੋਈ ਸਮਝੌਤਾ ਨਾ ਹੋ ਸਕੇ, ਤਾਂ ਕੀ ਹੁੰਦਾ ਹੈ?**

ਜੇ ਮਸਲਿਆਂ ਬਾਰੇ ਹਾਲੇ ਵੀ ਕੋਈ ਸਮਝੌਤਾ ਨਾ ਹੋ ਸਕੇ, ਤਾਂ ਅਦਾਲਤ ਆਮ ਤੌਰ 'ਤੇ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਨੂੰ ਆਖੇਗੀ ਕਿ ਉਹ ਹੋਰ ਕੋਸ਼ਿਸ਼ ਕਰੇ ਅਤੇ ਖੋਜ ਪੜਤਾਲ ਕਰਕੇ ਰਿਪੋਰਟ ਲਿਖੇ ਕਿ ਤੁਹਾਡੇ ਬੱਚਿਆਂ ਦੇ ਹਿਤਾਂ ਬਾਰੇ ਉਹਦੇ ਕੀ ਵਿਚਾਰ ਹਨ। ਕੀਤੀ ਗਈ ਪੁੱਛ ਗਿੱਛ ਬਾਰੇ ਸੰਖੇਪ ਜਾਣਕਾਰੀ ਰਿਪੋਰਟ ਵਿਚ ਪੇਸ਼ ਕੀਤੀ ਜਾਏਗੀ ਅਤੇ ਗੱਲ ਅੱਗੇ ਵਧਾਉਣ ਦੇ ਸਭ ਤੋਂ ਚੰਗੇ ਢੰਗਾਂ ਬਾਰੇ ਸਿਫ਼ਾਰਿਸ਼ਾਂ ਕੀਤੀਆਂ ਜਾਣਗੀਆਂ। ਸਿਫ਼ਾਰਿਸ਼ਾਂ ਵਿਚ ਤੁਹਾਡੇ ਪਰਿਵਾਰ ਨਾਲ ਮਿਲ ਕੇ ਹੋਰ ਕੰਮ ਕਰਨਾ ਵੀ ਸ਼ਾਮਿਲ ਹੋ ਸਕਦਾ ਹੈ। ਇਹ ਰਿਪੋਰਟ ਤਿਆਰ ਕਰਨ ਨੂੰ ਲੱਗਭਗ ਦਸ ਹਫ਼ਤੇ ਲਗਦੇ ਹਨ। ਇਸ ਸਮੇਂ ਦੌਰਾਨ ਕੋਈ ਸਮਝੌਤਾ ਹੋ ਜਾਣ ਦੀ ਸੰਭਵਨਾ ਹਾਲੇ ਵੀ ਕਾਫ਼ੀ ਹੁੰਦੀ ਹੈ। ਰਿਪੋਰਟ ਪੂਰੀ ਹੋਣ ਮਗਰੋਂ ਅਦਾਲਤ ਕੋਲ ਭੇਜੀ ਜਾਂਦੀ ਹੈ। ਜੇ ਤੁਹਾਡਾ ਕੋਈ ਸੋਲਿਸਟਰ ਹੈ ਤਾਂ ਇਹ ਉਹਨੂੰ ਵੀ ਭੇਜੀ ਜਾਏਗੀ, ਨਹੀਂ ਤਾਂ ਇਹ ਸਿੱਧੀ ਤੁਹਾਨੂੰ ਭੇਜੀ ਜਾਏਗੀ।

**ਬੱਚਿਆਂ ਅਤੇ ਪਰਿਵਾਰ ਦਾ ਰਿਪੋਰਟਰ ਕਿਹਦੇ ਨਾਲ ਗੱਲ ਕਰਨਾ ਚਾਹੇਗਾ?**

ਬੱਚਿਆਂ ਅਤੇ ਪਰਿਵਾਰ ਦਾ ਰਿਪੋਰਟਰ ਨੂੰ ਸਭ ਤੋਂ ਪਹਿਲਾਂ ਤੁਹਾਡੇ ਨਾਲ ਅਤੇ ਕਾਰਵਾਈ ਵਿਚ ਹਿੱਸਾ ਲੈਣ ਵਾਲੀ ਦੂਸਰੀ ਧਿਰ ਨਾਲ ਗੱਲ ਕਰਨੀ ਪਏਗੀ। ਜੇ ਮੁਮਕਿਨ ਹਿੰਸਾ ਜਾਂ ਕਿਸੇ ਨੂੰ ਨੁਕਸਾਨ ਪਹੁੰਚਣ ਦੇ ਮਸਲੇ ਹਨ, ਤਾਂ ਸ਼ੁਰੂ ਵਿਚ ਤੁਹਾਡੇ ਨਾਲ ਇਕੱਲਿਆਂ ਗੱਲਬਾਤ ਕੀਤੀ ਜਾਏਗੀ, ਅਤੇ ਜੇ ਤੁਸੀਂ ਦੋਵੇਂ ਮੰਨ ਜਾਓ ਤਾਂ ਬਾਅਦ ਵਿਚ ਇਕੱਠਿਆਂ ਨਾਲ ਵੀ ਗੱਲਬਾਤ ਕੀਤੀ ਜਾ ਸਕਦੀ ਹੈ। ਬੱਚਿਆਂ ਅਤੇ ਪਰਿਵਾਰ ਦਾ ਰਿਪੋਰਟਰ ਤੁਹਾਡੇ ਬੱਚਿਆਂ ਨੂੰ ਮਿਲ ਕੇ ਉਹਨਾਂ ਨਾਲ ਵੀ ਗੱਲਬਾਤ ਕਰਨਾ ਚਾਹੇਗਾ। ਇਹ ਫ਼ੈਸਲਾ ਕਰਨ ਲਈ ਕਿ ਤੁਹਾਡੇ ਬੱਚਿਆਂ ਲਈ ਕੀ ਸਭ ਤੋਂ ਚੰਗਾ ਹੈ, ਅਦਾਲਤ ਨੂੰ ਉਹਨਾਂ ਦੀਆਂ ਇੱਛਾਵਾਂ ਅਤੇ ਭਾਵਨਾਵਾਂ ਜਾਣਨ ਦੀ ਲੋੜ ਵੀ ਹੁੰਦੀ ਹੈ। ਇਹਨਾਂ ਬਾਰੇ ਅਦਾਲਤ ਨੂੰ ਜਾਣਕਾਰੀ ਦੇਣਾ ਬੱਚਿਆਂ ਅਤੇ ਪਰਿਵਾਰ ਦਾ ਰਿਪੋਰਟਰ ਦੇ ਕੰਮ ਵਿਚ ਸ਼ਾਮਿਲ ਹੈ।

ਬੱਚਿਆਂ ਨਾਲ, ਤੁਹਾਡੇ ਨਾਲ ਅਤੇ ਕਾਰਵਾਈ ਵਿਚ ਸ਼ਾਮਿਲ ਦੂਸਰੀ ਧਿਰ ਨਾਲ ਗੱਲਬਾਤ ਕਰਨ ਤੋਂ ਅਲਾਵਾ, ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਨੂੰ ਕਈ ਵਾਰ ਹੋਰ ਲੋਕਾਂ ਨਾਲ ਵੀ ਗੱਲਬਾਤ ਕਰਨੀ ਪੈਂਦੀ ਹੈ ਜੋ ਤੁਹਾਡੇ ਬਾਰੇ ਜਾਂ ਤੁਹਾਡੇ ਬੱਚਿਆਂ ਬਾਰੇ ਜਾਣਕਾਰੀ ਦੇ ਸਕਦੇ ਹਨ, ਜਿਵੇਂ ਕਿ ਕੋਈ ਡਾਕਟਰ, ਟੀਚਰ ਹੈਲਥ ਵਿਜ਼ਿਟਰ, ਜਾਂ ਸੋਸ਼ਲ ਵਰਕਰ। ਅਦਾਲਤ ਵੀ ਆਖ ਸਕਦੀ ਹੈ ਕਿ ਕਿਸੇ ਖ਼ਾਸ ਵਿਅਕਤੀ ਨਾਲ ਰਾਬਤਾ ਕੀਤਾ ਜਾਏ। ਬੱਚਿਆਂ ਅਤੇ ਪਰਿਵਾਰ ਦਾ ਰਿਪੋਰਟਰ ਤੁਹਾਨੂੰ ਦੱਸੇਗਾ ਕਿ ਉਹਨੇ ਕਿਹਦੇ ਨਾਲ ਗੱਲ ਕਰਨੀ ਹੈ, ਅਤੇ ਲੋੜ ਪੈਣ 'ਤੇ ਉਹ ਤੁਹਾਥੋਂ ਇਹਦੇ ਲਈ ਇਜਾਜ਼ਤ ਵੀ ਲਏਗਾ।

*ਪੁਲਿਸ, ਸੋਸ਼ਲ ਸਰਵਿਸਿਜ਼ (ਚਾਈਲਡ ਪ੍ਰੋਟੈਕਸ਼ਨ ਰਜਿਸਟਰ ਸਮੇਤ) ਤੋਂ ਪੁੱਛ ਗਿੱਛ ਕਰਨਾ ਅਤੇ ਕੈਫ਼ਕਾਸ ਕੋਲ ਪਹਿਲਾਂ ਪਈ ਜਾਣਕਾਰੀ ਦੇਖਣਾ ਆਮ ਗੱਲ ਹੈ।*

**ਜੋ ਗੱਲਾਂ ਮੈਂ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਨੂੰ ਦੱਸਾਂ, ਕੀ ਉਹ ਗੁਪਤ ਰੱਖੀਆਂ ਜਾਣਗੀਆਂ?**

ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਨੂੰ ਦਿੱਤੀ ਹੋਈ ਕੋਈ ਵੀ ਜਾਣਕਾਰੀ ਅਦਾਲਤ ਕੋਲ ਪੇਸ਼ ਕੀਤੀ ਜਾਣ ਵਾਲੀ ਰਿਪੋਰਟ ਵਿਚ ਸ਼ਾਮਿਲ ਕੀਤੀ ਜਾ ਸਕਦੀ ਹੈ, ਅਤੇ ਇਹ ਜਾਣਕਾਰੀ ਹੋਰ ਕੰਮਾਂ ਲਈ ਵੀ ਦਿੱਤੀ ਜਾ ਸਕਦੀ ਹੈ। ਜਿਵੇਂ ਕਿ, ਕਈ ਵਾਰੀ ਜਾਣਕਾਰੀ ਕਿਸੇ ਹੋਰ ਏਜੰਸੀ ਨੂੰ ਦੇਣਾ ਜ਼ਰੂਰੀ ਹੋ ਜਾਂਦਾ ਹੈ - ਜੇ ਬੱਚੇ ਦੀ ਹਿਫ਼ਾਜ਼ਤ ਬਾਰੇ ਕੋਈ ਚਿੰਤਾ ਹੋਵੇ। ਇਹਤੋਂ ਅਲਾਵਾ, ਕਦੇ ਕਦੇ ਬੱਚਿਆਂ ਅਤੇ ਪਰਿਵਾਰਾਂ ਦੀ ਭਲਾਈ ਖ਼ਾਤਿਰ ਸਾਨੂੰ ਖੋਜ ਪੜਤਾਲ ਦਾ ਕੰਮ ਕਰਨ ਦੀ ਇਜਾਜ਼ਤ ਵੀ ਹੈ, ਅਤੇ ਤੁਹਾਡਾ ਨਾਂ ਦੱਸੇ ਬਿਨਾਂ ਇਸ ਜਾਣਕਾਰੀ ਦੀ ਵਰਤੋਂ ਇਸ ਕਿਸਮ ਦੀ ਖੋਜ ਪੜਤਾਲ ਲਈ ਕੀਤੀ ਜਾ ਸਕਦੀ ਹੈ।

**ਕੀ ਮੈਨੂੰ ਦੂਸਰੇ ਜਨਮਦਾਤੇ ਜਾਂ ਸੰਬੰਧਤ ਬਾਲਗ਼ ਨੂੰ ਮਿਲਣਾ ਪਏਗਾ?**

ਜੇ ਤੁਸੀਂ ਨਹੀਂ ਚਾਹੁੰਦੇ, ਤਾਂ ਨਹੀਂ। ਸਾਂਝੀ ਮੀਟਿੰਗ ਕਰਨ ਦੀ ਸਲਾਹ ਦਿੱਤੀ ਜਾ ਸਕਦੀ ਹੈ, ਪਰ ਤੁਹਾਨੂੰ ਹੱਕ ਹੈ ਕਿ ਤੁਹਾਡੇ ਨਾਲ ਇਕੱਲਿਆਂ ਗੱਲਬਾਤ ਕੀਤੀ ਜਾਏ।

**ਕੀ ਅਦਾਲਤ ਮੇਰੇ ਬੱਚੇ ਦੀ ਇੱਛਾ ਅਨੁਸਾਰ ਕੰਮ ਕਰੇਗੀ?**

ਅਦਾਲਤ ਕਿਸੇ ਬੱਚੇ ਦੀ ਉਮਰ ਅਤੇ ਸੂਝ ਬੂਝ ਨੂੰ ਧਿਆਨ ਵਿਚ ਰੱਖ ਕੇ ਉਹਦੀਆਂ ਇੱਛਾਵਾਂ ਅਤੇ ਭਾਵਨਾਵਾਂ ਵਲ ਧਿਆਨ ਦਿੰਦੀ ਹੈ। ਪਰ ਹੋ ਸਕਦਾ ਹੈ ਕਿ ਫ਼ੈਸਲਾ ਕਰਨ ਵੇਲੇ ਅਦਾਲਤ ਉਹ ਕੰਮ ਨਾ ਕਰੇ ਜੋ ਤੁਹਾਡਾ ਬੱਚਾ ਚਾਹੁੰਦਾ ਹੈ, ਪਰ ਉਹ ਇਸ ਗੱਲ ਦਾ ਧਿਆਨ ਰੱਖੇਗੀ ਕਿ ਤੁਹਾਡੇ ਬੱਚੇ ਦੇ ਹਿਤ ਅਨੁਸਾਰ ਕਿਹੜੀ ਗੱਲ ਸਭ ਤੋਂ ਚੰਗੀ ਹੈ।

**ਕੀ ਅਦਾਲਤ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਦੀ ਸਲਾਹ ਸਦਾ ਮੰਨ ਲੈਂਦੀ ਹੈ?**

ਇਹ ਫ਼ੈਸਲਾ ਅਦਾਲਤ ਕਰਦੀ ਹੈ ਕਿ ਕੀ ਹੋਏਗਾ, ਪਰ ਅਦਾਲਤ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਦੀ ਗੱਲ ਬੜੇ ਧਿਆਨ ਨਾਲ ਸੁਣੇਗੀ। ਜੇ ਅਦਾਲਤ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਦੀਆਂ ਸਿਫ਼ਾਰਿਸ਼ਾਂ ਨਾਲ ਸਹਿਮਤ ਨਾ ਹੋਵੇ, ਤਾਂ ਉਹ ਇਹਦਾ ਕਾਰਣ ਦੱਸੇਗੀ।

**ਕੀ ਮੇਰੇ ਵਿਚਾਰ ਸੁਣੇ ਜਾਣਗੇ?**

ਅਸੀਂ ਆਪਣੀਆਂ ਸਭ ਸੇਵਾਵਾਂ ਅਤੇ ਕੰਮਾਂ ਬਾਰੇ ਤੁਹਾਡੇ ਵਿਚਾਰਾਂ ਦਾ ਸਵਾਗਤ ਕਰਦੇ ਹਾਂ, ਕਿਉਂਕਿ ਇਸ ਸੇਵਾ ਨੂੰ ਸੁਧਾਰਨ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ। ਸਾਡੀਆਂ ਸੇਵਾਵਾਂ ਦੀ ਵਰਤੋਂ ਜਿਹੜੇ ਲੋਕ ਕਰਦੇ ਹਨ, ਅਸੀਂ ਉਹਨਾਂ ਸਭਨਾਂ ਤੋਂ ਸਿੱਖਣਾ ਚਾਹੁੰਦੇ ਹਾਂ - ਭਾਵੇਂ ਉਹ ਬੱਚੇ, ਮਾਪੇ, ਰਿਸ਼ਤੇਦਾਰ, ਅਦਾਲਤਾਂ ਜਾਂ ਹੋਰ ਏਜੰਸੀਆਂ ਹਨ।

ਤੁਸੀਂ ਆਪਣੇ ਵਿਚਾਰ ਇਹਨਾਂ ਰੂਪਾਂ ਵਿਚ ਪੇਸ਼ ਕਰ ਸਕਦੇ ਹੋ:

- ਸਾਡੀਆਂ ਪਾਲਿਸੀਆਂ ਜਾਂ ਕੰਮ ਕਾਜ ਦੇ ਢੰਗਾਂ ਜਾਂ ਸਾਡੀ ਸੇਵਾ ਦੇ ਕਿਸੇ ਹੋਰ ਪਹਿਲੂ ਬਾਰੇ **ਟਿੱਪਣੀ**
- ਸਾਡੇ ਕੰਮ ਦੀ ਜਾਂ ਕੈਫ਼ਕਾਸ ਦੇ ਕਿਸੇ ਖ਼ਾਸ ਕਰਮਚਾਰੀ ਦੀ **ਪ੍ਰਸ਼ੰਸਾ**
- ਤੁਹਾਡੇ ਨਾਲ ਸਾਡੇ ਵਰਤਾਰੇ ਦੇ ਕਿਸੇ ਪਹਿਲੂ ਬਾਰੇ **ਸ਼ਿਕਾਇਤ**।

ਸਾਡੀਆਂ ਸੇਵਾਵਾਂ ਬਾਰੇ ਸਾਡੇ ਕੋਲ ਪਹੁੰਚੇ ਵਿਚਾਰਾਂ, ਪ੍ਰਸ਼ੰਸਾਵਾਂ ਅਤੇ ਸ਼ਿਕਾਇਤਾਂ ਨੂੰ ਅਸੀਂ ਰਿਕਾਰਡ ਕਰਕੇ ਉਹਨਾਂ ਦਾ ਲੇਖਾਜੋਖਾ ਕਰਾਂਗੇ, ਅਤੇ ਇਹਦੇ ਨਤੀਜੇ ਸਾਡੀ ਸਾਲਾਨਾ ਰਿਪੋਰਟ ਵਿਚ ਪ੍ਰਕਾਸ਼ਿਤ ਕੀਤੇ ਜਾਣਗੇ।

ਸੇਵਾਵਾਂ ਵਿਚ ਸੁਧਾਰ ਕਰਨ ਅਤੇ ਖੋਜ ਪੜਤਾਲ ਦੇ ਕੰਮ ਲਈ, ਅਸੀਂ ਕਾਰਵਾਈ ਪੂਰੀ ਹੋ ਜਾਣ ਮਗਰੋਂ, ਤੁਹਾਡੇ ਨਾਲ ਰਾਬਤਾ ਕਰਕੇ ਵੀ ਤੁਹਾਡੇ ਵਿਚਾਰ ਪੁੱਛ ਸਕਦੇ ਹਾਂ।

**ਮੈਂ ਵਿਚਾਰ ਅਤੇ ਪ੍ਰਸੰਸਾ ਕਿਸ ਢੰਗ ਨਾਲ ਪੇਸ਼ ਕਰਾਂ?**

ਵਿਚਾਰ ਅਤੇ ਪ੍ਰਸੰਸਾ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਨੂੰ ਦੱਸੋ (ਲਿਖ ਕੇ ਪੇਸ਼ ਕਰਨਾ ਚੰਗੀ ਗੱਲ ਹੈ), ਜਾਂ ਇਹ ਤੁਸੀਂ ਕੈਫ਼ਕਾਸ ਦੇ ਲੋਕਲ ਮੈਨੇਜਰ ਨੂੰ ਇਸ ਪਰਚੇ ਦੇ ਪਿੱਛੇ ਦੱਸੇ ਪਤੇ 'ਤੇ ਭੇਜੋ। ਤੁਸੀਂ ਵਿਚਾਰ ਅਤੇ ਪ੍ਰਸੰਸਾ ਸਾਡੇ ਨੈਸ਼ਨਲ ਆਫ਼ਿਸ ਨੂੰ ਇਸ ਈਮੇਲ ਪਤੇ 'ਤੇ ਵੀ ਭੇਜ ਸਕਦੇ ਹੋ - yourviews@cafcass.gov.uk.

ਤੁਹਾਡਾ ਕੇਸ ਖ਼ਤਮ ਹੋਣ 'ਤੇ, ਤੁਸੀਂ ਆਪਣੇ ਵਿਚਾਰ ਦੱਸਣ ਲਈ ਕੇਸ ਨਾਲ ਸੰਬੰਧਤ ਕਰਮਚਾਰੀ ਨਾਲ ਜਾਂ ਉਹਦੇ ਮੈਨੇਜਰ ਨਾਲ ਮੀਟਿੰਗ ਦੀ ਮੰਗ ਵੀ ਕਰ ਸਕਦੇ ਹੋ।

**ਜੇ ਮੈਂ ਕੈਫ਼ਕਾਸ ਵਲੋਂ ਮਿਲੀ ਸੇਵਾ ਤੋਂ ਖ਼ੁਸ਼ ਨਾ ਹੋਵਾਂ ਤਾਂ?**

ਸਾਡਾ ਮੰਤਵ ਸਾਰੇ ਪਰਿਵਾਰਕ ਮੁਆਮਲਿਆਂ ਵਿਚ ਉੱਚੇ ਪੱਧਰ ਦੀ ਸੇਵਾ ਮੁਹੱਈਆ ਕਰਨਾ, ਅਤੇ ਬੱਚਿਆਂ ਦੀ ਜ਼ਿੰਦਗੀ ਦੇ ਔਖੇ ਵੇਲੇ ਉਹਨਾਂ ਦੇ ਹਿਤਾਂ ਦੀ ਰਾਖੀ ਕਰਨਾ ਹੈ। ਜੇ ਅਸੀਂ ਇਹ ਨਿਸ਼ਾਨੇ ਸਹੀ ਢੰਗ ਨਾਲ ਪੂਰੇ ਨਹੀਂ ਕੀਤੇ ਤਾਂ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਦੇ ਵਿਚਾਰ ਜਾਣਨਾ ਸਾਡੇ ਲਈ ਜ਼ਰੂਰੀ ਹੈ।

ਸਾਡਾ ਸ਼ਿਕਾਇਤ ਕਰਨ ਦਾ ਢੰਗ ਵੀ ਹੈ ਜੋ ਇਸ ਲਈ ਤਿਆਰ ਕੀਤਾ ਗਿਆ ਹੈ ਤਾਕਿ ਸ਼ਿਕਾਇਤਾਂ ਦਾ ਨਿਪਟਾਰਾ ਜਿੱਥੋਂ ਤਕ ਹੋ ਸਕੇ ਛੇਤੀ ਤੋਂ ਛੇਤੀ ਨਿਆਂਪੂਰਨ ਅਤੇ ਅਸਰਦਾਈ ਢੰਗ ਨਾਲ ਕੀਤਾ ਜਾ ਸਕੇ। ਸ਼ਿਕਾਇਤ ਕਰਨ ਦੇ ਢੰਗ ਬਾਰੇ ਮੁੱਢਲੀ ਜਾਣਕਾਰੀ ਅੱਗੇ ਦਿੱਤੀ ਗਈ ਹੈ। ਪੂਰੀ ਜਾਣਕਾਰੀ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਲਈ ਤਿਆਰ ਕੀਤੇ ਗਏ ਪਰਚੇ[3] ਵਿਚ ਦਿੱਤੀ ਗਈ ਹੈ, ਜੋ ਕੈਫ਼ਕਾਸ ਦੇ ਕਿਸੇ ਲੋਕਲ ਦਫ਼ਤਰ ਵਿਚੋਂ ਮਿਲ ਸਕਦਾ ਹੈ ਜਾਂ ਸਾਡੀ ਵੈੱਬਸਾਈਟ www.cafcass.gov.uk ਦੇ *Information* (ਜਾਣਕਾਰੀ) ਵਾਲੇ ਹਿੱਸੇ ਵਿਚ ਪੜ੍ਹਿਆ ਜਾ ਸਕਦਾ ਹੈ।

**ਜੇ ਮੈਂ ਸ਼ਿਕਾਇਤ ਕਰਨਾ ਚਾਹਾਂ, ਤਾਂ?**

ਸਭ ਤੋਂ ਪਹਿਲਾਂ ਤੁਸੀਂ ਸਦਾ ਸੰਬੰਧਤ ਬੱਚਿਆਂ ਅਤੇ ਪਰਿਵਾਰ ਦੇ ਰਿਪੋਰਟਰ ਨੂੰ ਦੱਸੋ ਕਿ ਤੁਸੀਂ ਸੇਵਾ ਦੇ ਕਿਸੇ ਪਹਿਲੂ ਬਾਰੇ ਖ਼ੁਸ਼ ਕਿਉਂ ਨਹੀਂ ਹੋ। ਹੋ ਸਕਦਾ ਹੈ ਕਿ ਇਸ ਤਰ੍ਹਾਂ ਕੰਮ ਠੀਕ ਹੋ ਸਕੇ। ਜਾਂ ਤੁਸੀਂ ਆਪਣੇ ਕੇਸ ਦੇ ਅਖ਼ੀਰ ਵਿਚ ਵਿਚਾਰ ਦੱਸਣ ਲਈ ਮੀਟਿੰਗ ਕਰਨ ਦੀ ਮੰਗ ਕਰ ਸਕਦੇ ਹੋ।

---

[3] Your Views Count – How to make a comment, compliment or complaint about our work

ਜੇ ਤੁਸੀਂ ਅਜਿਹਾ ਕਰਨ ਦੀ ਬਜਾਇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਜਿੰਨੀ ਵੀ ਛੇਤੀ ਹੋ ਸਕੇ ਆਪਣੇ ਲੋਕਲ ਕੈਫ਼ਕਾਸ ਦਫ਼ਤਰ ਦੇ ਮੈਨੇਜਰ ਨਾਲ ਰਾਬਤਾ ਕਰੋ।

*ਜੇ ਤੁਸੀਂ ਰਿਪੋਰਟ ਵਿਚ ਲਿਖੀਆਂ ਗੱਲਾਂ ਨਾਲ ਸਹਿਮਤ ਨਹੀਂ ਹੋ, ਤਾਂ ਆਮ ਤੌਰ 'ਤੇ ਇਹ ਗੱਲ ਅਦਾਲਤੀ ਸੁਣਵਾਈ ਵੇਲੇ ਕਹਿਣੀ ਚਾਹੀਦੀ ਹੈ।*

*ਸਾਡੇ ਕੋਲ ਸ਼ਿਕਾਇਤ ਕਰਕੇ ਤੁਸੀਂ ਅਦਾਲਤ ਦੇ ਫ਼ੈਸਲੇ ਨੂੰ ਨਹੀਂ ਬਦਲਵਾ ਸਕਦੇ। ਜੇ ਤੁਸੀਂ ਅਦਾਲਤ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਕਾਨੂੰਨੀ ਸਲਾਹ ਲਓ ਕਿ ਕੀ ਤੁਸੀਂ ਇਹਦੇ ਖ਼ਿਲਾਫ਼ ਅਪੀਲ ਕਰ ਸਕਦੇ ਹੋ?*

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸਮੇਂ ਦੀਆਂ ਕੁਝ ਹੱਦਾਂ ਹਨ ਜਿਹਨਾਂ ਦੇ ਅੰਦਰ ਹੀ ਅਸੀਂ ਸ਼ਿਕਾਇਤਾਂ ਸੁਣਦੇ ਹਾਂ। ਬਾਲਗ਼ਾਂ ਲਈ ਇਹ ਸਮਾਂ ਕੋਈ ਘਟਨਾ ਵਾਪਰਨ ਮਗਰੋਂ ਤਿੰਨ ਮਹੀਨਿਆਂ ਤਕ ਦਾ ਹੈ। ਸਮੇਂ ਦੀਆਂ ਇਹਨਾਂ ਹੱਦਾਂ ਬਾਰੇ ਜਾਣਕਾਰੀ ਤੁਸੀਂ ਕਿਤਾਬਚੇ *Your Views Count* ਵਿਚੋਂ ਲਓ।

ਤੁਸੀਂ ਆਸ ਰੱਖ ਸਕਦੇ ਹੋ ਕਿ ਤੁਹਾਡੀ ਸ਼ਿਕਾਇਤ ਮਿਲਣ ਬਾਰੇ ਅਸੀਂ ਤੁਹਾਨੂੰ ਕੰਮ ਕਾਜ ਦੇ ਪੰਜ ਦਿਨਾਂ ਦੇ ਅੰਦਰ ਦੱਸਾਂਗੇ।

ਬੱਚਿਆਂ ਦੀਆਂ ਸ਼ਿਕਾਇਤਾਂ ਕਿਸੇ ਵੇਲੇ ਵੀ ਲਈਆਂ ਜਾ ਸਕਦੀਆਂ ਹਨ। ਜੇ ਕੋਈ ਬੱਚਾ ਸ਼ਿਕਾਇਤ ਕਰਨਾ ਚਾਹੇ ਤਾਂ ਉਹਨੂੰ ਪੂਰੇ ਕੰਮ ਦੌਰਾਨ ਸੁਤੰਤਰ ਐਡਵੋਕੇਟ (ਪੱਖ ਪੇਸ਼ ਕਰਨ ਵਾਲੇ) ਦੀ ਮਦਦ ਮਿਲ ਸਕਦੀ ਹੈ।

**ਬੱਚਿਆਂ ਦੀ ਸੁਰੱਖਿਆ**

ਅਸੀਂ ਹੋਰ ਏਜੰਸੀਆਂ ਤੋਂ ਪਤਾ ਕਰਦੇ ਹਾਂ ਕਿ ਬੱਚਿਆਂ ਨੂੰ ਕੋਈ ਖ਼ਾਸ ਖ਼ਤਰਾ ਤਾਂ ਨਹੀਂ। ਇਹਨਾਂ ਵਿਚ ਉਹ ਬੱਚੇ ਵੀ ਸ਼ਾਮਿਲ ਹਨ ਜਿਹਨਾਂ ਨੇ ਘਰੇਲੂ ਹਿੰਸਾ ਹੁੰਦੀ ਦੇਖੀ ਹੈ। ਪੁਲਿਸ, ਸੋਸ਼ਲ ਸਰਵਿਸਿਜ਼ ਅਤੇ ਚਾਈਲਡ ਪ੍ਰੋਟੈਕਸ਼ਨ ਰਜਿਸਟਰ ਵਿਚੋਂ ਆਮ ਚੈਕ ਜਾਂ ਜਾਂਚ ਪੜਤਾਲ ਕੀਤੀ ਜਾਂਦੀ ਹੈ। ਜੇ ਹੋਰ ਏਜੰਸੀਆਂ (ਜਿਵੇਂ ਜੀ ਪੀ ਡਾਕਟਰਾਂ, ਸਕੂਲਾਂ) ਤੋਂ ਚੈਕ ਕਰਨ ਦੀ ਲੋੜ ਹੋਵੇ, ਤਾਂ ਅਸੀਂ ਤੁਹਾਨੂੰ ਦੱਸਾਂਗੇ। ਇਸ ਜਾਣਕਾਰੀ ਦੀ ਵਰਤੋਂ ਅਦਾਲਤ ਲਈ ਰਿਪੋਰਟ ਤਿਆਰ ਕਰਨ ਲਈ ਕੀਤੀ ਜਾਏਗੀ ਅਤੇ ਇਹ ਜਾਣਕਾਰੀ ਸੋਸ਼ਲ ਸਰਵਿਸਿਜ਼ ਨਾਲ ਵੀ ਸਾਂਝੀ ਕੀਤੀ ਜਾ ਸਕਦੀ ਹੈ।

ਅਸੀਂ ਉਹਨਾਂ ਪ੍ਰਬੰਧਾਂ ਦੀ ਹਿਮਾਇਤ ਨਹੀਂ ਕਰਾਂਗੇ ਜਿਹਨਾਂ ਨਾਲ ਬੱਚਿਆਂ, ਨੌਜਵਾਨਾਂ ਅਤੇ ਉਹਨਾਂ ਦੀ ਦੇਖਭਾਲ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਖ਼ਤਰਾ ਹੋ ਸਕਦਾ ਹੋਵੇ।

**ਵਖਰੇਵੇਂ**

ਸਾਡਾ ਮੰਤਵ ਬੱਚਿਆਂ ਦੀਆਂ ਨਿਜੀ ਲੋੜਾਂ ਦੀ ਹਿਮਾਇਤ ਕਰਨਾ ਅਤੇ ਜਿਹਨਾਂ ਭਾਈਚਾਰਿਆਂ ਵਿਚ ਬੱਚੇ ਵੱਡੇ ਹੁੰਦੇ ਹਨ ਉਹਨਾਂ ਦੇ ਵਖਰੇਵਿਆਂ ਦੀ ਕਦਰ ਕਰਨਾ ਹੈ। ਸਾਡੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਦੇ ਵਖਰੇਵਿਆਂ ਨਾਲ ਸੰਬੰਧਤ ਜਾਣਕਾਰੀ ਨੂੰ ਅਸੀਂ ਰਿਕਾਰਡ ਕਰਕੇ ਉਹਦਾ ਲੇਖਾ ਜੋਖਾ ਕਰਦੇ ਹਾਂ - ਜਿਵੇਂ ਨਸਲੀ ਮੂਲ, ਭਾਸ਼ਾ ਅਤੇ ਖ਼ਾਸ ਲੋੜਾਂ ਬਾਰੇ ਜਾਣਕਾਰੀ - ਤਾਕਿ ਅਸੀਂ ਆਪਣੀਆਂ ਸੇਵਾਵਾਂ ਨੂੰ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਲਗਾਤਾਰ ਵਧੀਆ ਬਣਾਉਂਦੇ ਰਹੀਏ। ਇਸ ਜਾਣਕਾਰੀ ਨਾਲ ਸਾਨੂੰ ਰੇਸ ਰੀਲੇਸ਼ਨਜ਼ ਅਮੈਂਡਮੈਂਟ ਐਕਟ 2000, ਡਿਸਏਬਿਲਿਟੀ ਡਿਸਕ੍ਰਿਮੀਨੇਸ਼ਨ ਐਕਟ 1995, ਅਤੇ ਵੈਲਸ਼ ਲੈਂਗੁਏਜ ਐਕਟ 1993 ਅਨੁਸਾਰ ਨਸਲੀ ਬਰਾਬਰੀ ਅਤੇ ਸਾਡੀਆਂ ਸੇਵਾਵਾਂ ਤਕ ਪਹੁੰਚ ਕਰਨ ਦੇ ਕੰਮ ਨੂੰ ਬੜ੍ਹਾਵਾ ਦੇਣ ਵਿਚ ਮਦਦ ਮਿਲਦੀ ਹੈ।

**ਜਾਣਕਾਰੀ**

ਅਸੀਂ ਜਾਣਕਾਰੀ ਇਕੱਠੀ ਕਰਨ, ਇਹਦੀ ਵਰਤੋਂ ਕਰਨ ਅਤੇ ਇਹ ਜਾਣਕਾਰੀ ਹੋਰਨਾਂ ਨੂੰ ਦੇਣ ਦਾ ਕੰਮ ਕਾਨੂੰਨ ਅਨੁਸਾਰ ਕਰਦੇ ਹਾਂ। ਹੋ ਸਕਦਾ ਹੈ ਕਿ ਹੇਠ ਲਿਖੀਆਂ ਗੱਲਾਂ ਵਿਚ ਤੁਹਾਡੀ ਦਿਲਚਸਪੀ ਹੋਵੇ:

- ਸਾਡਾ ਕੰਮ ਅਜਿਹਾ ਹੈ ਕਿ ਸਾਡੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਬਾਰੇ ਜਾਣਕਾਰੀ ਦੀ ਵਰਤੋਂ ਸਾਨੂੰ ਕਰਨੀ ਪੈਂਦੀ ਹੈ। ਇਹ ਸਾਰੇ ਕੰਮ ਡੇਟਾ ਪ੍ਰੋਟੈਕਸ਼ਨ ਐਕਟ 1998 ਦੇ ਅਨੁਸਾਰ ਕੀਤੇ ਜਾਂਦੇ ਹਨ। ਡੇਟਾ ਪ੍ਰੋਟੈਕਸ਼ਨ ਰਜਿਸਟਰ ਵਿਚ ਸਾਡੇ ਬਾਰੇ ਦਿੱਤੀ ਗਈ ਜਾਣਕਾਰੀ ਇਸ ਵੈੱਬਸਾਈਟ 'ਤੇ ਪੜ੍ਹੀ ਜਾ ਸਕਦੀ ਹੈ - www.cafcass.gov.uk
- ਡੇਟਾ ਪ੍ਰੋਟੈਕਸ਼ਨ ਐਕਟ ਦੇ ਅਨੁਸਾਰ ਸਾਡੇ ਕੋਲ ਰੱਖੀ ਹੋਈ ਤੁਹਾਡੇ ਬਾਰੇ ਜਾਣਕਾਰੀ ਦੀਆਂ ਕਾਪੀਆਂ ਲੈਣ ਦਾ ਤੁਹਾਨੂੰ ਹੱਕ ਹੈ।
- ਅਸੀਂ ਫ਼੍ਰੀਡਮ ਆੱਵ ਇਨਫ਼ਰਮੇਸ਼ਨ ਐਕਟ 2000 ਦੇ ਅਨੁਸਾਰ ਆਪਣੀ ਸੇਵਾ ਬਾਰੇ ਜਾਣਕਾਰੀ ਦੇਣ ਦਾ ਵਚਨ ਦਿੰਦੇ ਹਾਂ।

ਇਹਦੇ ਬਾਰੇ ਹੋਰ ਜਾਣਕਾਰੀ ਲੈਣ ਲਈ ਕਿ ਅਸੀਂ ਡੇਟਾ ਪ੍ਰੋਟੈਕਸ਼ਨ ਐਕਟ ਅਤੇ ਫ਼੍ਰੀਡਮ ਆੱਵ ਇਨਫ਼ਰਮੇਸ਼ਨ ਐਕਟ ਦੇ ਅਨੁਸਾਰ ਕਿਵੇਂ ਕੰਮ ਕਰਦੇ ਹਾਂ, ਤੁਸੀਂ ਸਾਡੀ ਵੈੱਬਸਾਈਟ www.cafcass.gov.uk 'ਤੇ *Information* ਵਾਲਾ ਹਿੱਸਾ ਪੜ੍ਹੋ, ਜਾਂ ਆਪਣੇ ਨੇੜੇ ਦੇ ਕੈਫ਼ਕਾਸ ਆਫ਼ਿਸ ਨਾਲ ਗੱਲ ਕਰੋ।

ਸਾਡੀ ਵੈੱਬਸਾਈਟ 'ਤੇ ਵੀ ਸਾਡੀਆਂ ਸੇਵਾਵਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਹੋਈ ਹੈ।